Australian Government

AusAlert™

# AusAlert™ ਬੱਚ ਨਿਕਲਣ ਵਾਲਿਆਂ ਵਾਸਤੇ ਸੁਰੱਖਿਆ ਗਾਈਡ



AusAlert ਆਸਟ੍ਰੇਲੀਆ ਦੀ ਨਵੀਂ ਰਾਸ਼ਟਰੀ ਚੇਤਾਵਨੀ ਪ੍ਰਣਾਲੀ ਹੈ। ਇਹ ਜੰਗਲ ਦੀ ਅੱਗ, ਗੰਭੀਰ ਮੌਸਮ ਅਤੇ ਜਨਤਕ ਸਿਹਤ ਐਮਰਜੈਂਸੀ ਵਰਗੀਆਂ ਆਫ਼ਤਾਂ ਦੌਰਾਨ ਢੁੱਕਵੀਆਂ ਮੋਬਾਈਲ ਡਿਵਾਈਸਾਂ ਨੂੰ ਐਮਰਜੈਂਸੀ ਵਾਲੇ ਸੰਦੇਸ਼ ਭੇਜਣ ਲਈ ਨਵੀਨਤਮ ਤਕਨਾਲੋਜੀ ਦੀ ਵਰਤੋਂ ਕਰਦੀ ਹੈ।

**AusAlert ਸੁਨੇਹੇ ਮਹੱਤਵਪੂਰਣ ਜਾਣਕਾਰੀ ਸਾਂਝੀ ਕਰਦੇ ਹਨ, ਪਰ ਉਹ ਲੁਕਾਅ ਕੇ ਰੱਖੀਆਂ ਸੁਰੱਖਿਆ ਡਿਵਾਈਸਾਂ ਨੂੰ ਲੱਭਣਾ ਸੌਖਾ ਬਣਾ ਸਕਦੇ ਹਨ।**



## AusAlert ਕਿਸ ਲਈ ਹੈ?

AusAlert ਸਥਾਨਕ ਅਤੇ ਰਾਸ਼ਟਰੀ ਸੰਕਟਕਾਲਾਂ ਦੌਰਾਨ ਭਾਈਚਾਰਿਆਂ ਨੂੰ ਸੂਚਿਤ ਕਰਨ ਅਤੇ ਬਿਹਤਰ ਤਰੀਕੇ ਨਾਲ ਤਿਆਰ ਰੱਖਣ ਵਿੱਚ ਮਦਦ ਕਰਨ ਦਾ ਇੱਕ ਤੇਜ਼ ਅਤੇ ਭਰੋਸੇਮੰਦ ਤਰੀਕਾ ਹੈ। ਇਹ ਆਸਟ੍ਰੇਲੀਆ ਸਰਕਾਰ ਅਤੇ ਰਾਜ ਅਤੇ ਕੇਂਦਰੀ ਪ੍ਰਦੇਸ਼ ਦੀਆਂ ਸੰਕਟਕਾਲੀਨ ਸੇਵਾਵਾਂ ਸੰਸਥਾਵਾਂ ਨੂੰ ਰਾਸ਼ਟਰੀ ਜਾਂ ਸਥਾਨਕ ਚੇਤਾਵਨੀਆਂ ਭੇਜਣ ਦੀ ਯੋਗਤਾ ਪ੍ਰਦਾਨ ਕਰਦਾ ਹੈ। ਇਹ ਬਹੁਤ ਸਾਰੇ ਤਰੀਕਿਆਂ ਵਿੱਚੋਂ ਇੱਕ ਹੈ ਜਿਨ੍ਹਾਂ ਰਾਹੀਂ ਅਸੀਂ ਆਸਟ੍ਰੇਲੀਆ ਦੇ ਲੋਕਾਂ ਨੂੰ ਆਫ਼ਤਾਂ ਦੇ ਸਮੇਂ ਸੁਰੱਖਿਅਤ ਰੱਖਣ ਵਿੱਚ ਸਹਾਇਤਾ ਕਰ ਰਹੇ ਹਾਂ।

## AusAlert ਸੁਨੇਹਾ ਸੁਣਨ ਨੂੰ ਕਿਸ ਤਰ੍ਹਾਂ ਦਾ ਲੱਗਦਾ ਹੈ?

ਜੇ ਤੁਹਾਡੇ ਫ਼ੋਨ, ਟੈਬਲੈੱਟ ਜਾਂ ਸਮਾਰਟ ਘੜੀਆਂ ਚਾਲੂ ਹਨ, ਤਾਂ ਇੱਕ AusAlert ਇਹ ਕਰ ਸਕਦਾ ਹੈ:

- ਉਨ੍ਹਾਂ ਨੂੰ ਵਾਈਬ੍ਰੇਟ ਕਰਵਾ ਸਕਦਾ ਹੈ
- 10 ਸਕਿੰਟਾਂ ਲਈ ਉੱਚੀ ਸਾਇਰਨ ਵਰਗੀ ਆਵਾਜ਼ ਕੱਢ ਸਕਦਾ ਹੈ
- ਸਕ੍ਰੀਨ ਨੂੰ ਆਪਣੇ-ਆਪ ਚਾਲੂ ਕਰ ਸਕਦਾ ਹੈ।

**ਇਹ ਉਦੋਂ ਵੀ ਹੋ ਸਕਦਾ ਹੈ ਜਦੋਂ ਆਵਾਜ਼ ਘੱਟ ਕੀਤੀ ਹੁੰਦੀ ਹੈ, ਜਾਂ ਤੁਹਾਡੀਆਂ ਡਿਵਾਈਸਾਂ 'ਸਾਈਲੈਂਟ' ਜਾਂ 'ਡੂ ਨੌਟ ਡਿਸਟਰਬ' 'ਤੇ ਹੁੰਦੀਆਂ ਹਨ।**

## AusAlert ਨਾਲ ਸੁਰੱਖਿਅਤ ਕਿਵੇਂ ਰਹਿਣਾ ਹੈ

AusAlerts ਨੂੰ ਸੰਕਟਕਾਲਾਂ ਦੌਰਾਨ ਲੋਕਾਂ ਦਾ ਧਿਆਨ ਤੇਜ਼ੀ ਨਾਲ ਖਿੱਚਣ ਲਈ, ਉਨ੍ਹਾਂ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਕਰਨ ਲਈ ਤਿਆਰ ਕੀਤਾ ਗਿਆ ਹੈ। **ਕੁਝ AusAlerts ਨੂੰ ਬੰਦ ਨਹੀਂ ਕੀਤਾ ਜਾ ਸਕਦਾ।** ਉਨ੍ਹਾਂ ਲੋਕਾਂ ਲਈ ਜੋ ਸੁਰੱਖਿਆ ਡਿਵਾਈਸਾਂ ਦੀ ਵਰਤੋਂ ਕਰਦੇ ਹਨ, AusAlert ਪ੍ਰਾਪਤ ਕਰਨਾ ਚਿੰਤਾ ਦਾ ਕਾਰਨ ਬਣ ਸਕਦਾ ਹੈ, ਕਿਉਂਕਿ ਇਹ ਉਨ੍ਹਾਂ ਡਿਵਾਈਸਾਂ ਨੂੰ ਲੱਭਣਾ ਸੌਖਾ ਬਣਾ ਸਕਦਾ ਹੈ, ਖ਼ਾਸ ਕਰਕੇ ਜੇ ਉਹ ਲੁਕਾ ਕੇ ਰੱਖੀਆਂ ਹੋਈਆਂ ਹਨ।

### ਤੁਹਾਨੂੰ ਕੀ ਕਰਨਾ ਚਾਹੀਦਾ ਹੈ

ਜੇ ਤੁਸੀਂ ਸੋਚਦੇ ਹੋ ਕਿ ਤੁਹਾਡੇ ਜਾਂ ਤੁਹਾਡੇ ਵੱਲੋਂ ਦੇਖਭਾਲ ਕਰਨ ਵਾਲੇ ਕਿਸੇ ਵਿਅਕਤੀ ਵਾਸਤੇ AusAlert ਪ੍ਰਾਪਤ ਕਰਨਾ ਸੁਰੱਖਿਅਤ ਨਹੀਂ ਹੋ ਸਕਦਾ:

- ਆਪਣੀਆਂ ਸੁਰੱਖਿਆ ਡੀਵਾਈਸਾਂ ਨੂੰ ਬੰਦ ਰੱਖੋ ਜਾਂ
- ਏਅਰੋਪਲੇਨ ਮੋਡ ਵਿੱਚ ਰੱਖੋ (ਜੇ ਤੁਹਾਡੇ ਕੋਲ ਇਹ ਹੈ) ਸਿਵਾਏ ਇਸ ਦੇ
- ਜੇ ਤੁਹਾਨੂੰ ਇਨ੍ਹਾਂ ਦੀ ਵਰਤਣ ਦੀ ਲੋੜ ਹੈ।

**ਯਾਦ ਰੱਖੋ – ਜੇ ਤੁਹਾਡੀ ਡਿਵਾਈਸ ਏਅਰੋਪਲੇਨ ਮੋਡ ਵਿੱਚ ਹੈ, ਤਾਂ ਵੀ ਤੁਸੀਂ Wi-Fi ਦੀ ਵਰਤੋਂ ਕਰ ਸਕਦੇ ਹੋ। ਜੇ ਇਸ ਵਿੱਚ ਏਅਰੋਪਲੇਨ ਮੋਡ ਨਹੀਂ ਹੈ, ਤਾਂ ਇਸ ਦੀ ਬਜਾਏ ਇਸ ਨੂੰ ਬੰਦ ਕਰ ਦਿਓ।**



## ਮੈਂ ਆਪਣੀ ਡਿਵਾਈਸ ਨੂੰ ਕਿਵੇਂ ਬੰਦ ਕਰਾਂ?

### Apple (iOS ਡਿਵਾਈਸਾਂ ਜਿਵੇਂ ਕਿ iPhones ਅਤੇ Apple Watches)

**ਜੇ ਤੁਹਾਡੀ ਡਿਵਾਈਸ Face ID ਦੀ ਵਰਤੋਂ ਕਰਦੀ ਹੈ:**

- ਸੱਜੇ ਪਾਸੇ ਦੇ ਬਟਨ ਅਤੇ ਜਾਂ ਆਵਾਜ਼ ਵਾਲੇ ਬਟਨ ਨੂੰ ਇੱਕੋ ਸਮੇਂ ਦਬਾਓ, ਅਤੇ ਦਬਾਅ ਕੇ ਰੱਖੋ ਜਦ ਤੱਕ 'ਸਲਾਈਡਰਜ਼/sliders' ਦਿਖਾਈ ਨਹੀਂ ਦਿੰਦੇ।
- 'ਸਲਾਈਡ ਟੂ ਪਾਵਰ ਆਫ਼/slide to power off' ਸਲਾਈਡਰ ਨੂੰ ਖੱਬੇ ਤੋਂ ਸੱਜੇ ਵੱਲ ਖਿੱਚੋ।

**ਜੇ ਤੁਹਾਡੀ ਡਿਵਾਈਸ ਵਿੱਚ ਹੋਮ ਬਟਨ ਹੈ:**

- ਸੱਜੇ ਪਾਸੇ ਦੇ ਬਟਨ ਨੂੰ ਦਬਾਓ ਅਤੇ ਦਬਾਅ ਕੇ ਰੱਖੋ ਜਦ ਤੱਕ 'ਸਲਾਈਡਰ/slider' ਦਿਖਾਈ ਨਹੀਂ ਦਿੰਦਾ।
- 'ਸਲਾਈਡ ਟੂ ਪਾਵਰ ਆਫ਼/slide to power off' ਸਲਾਈਡਰ ਨੂੰ ਖੱਬੇ ਤੋਂ ਸੱਜੇ ਵੱਲ ਖਿੱਚੋ।

ਕਿਸੇ ਵੀ ਡਿਵਾਈਸ ਨੂੰ ਦੁਬਾਰਾ ਚਾਲੂ ਕਰਨ ਲਈ, ਸੱਜੇ ਪਾਸੇ ਦੇ ਬਟਨ ਨੂੰ ਦਬਾਓ ਅਤੇ ਦਬਾਅ ਕੇ ਰੱਖੋ ਜਦੋਂ ਤੱਕ Apple ਲੋਗੋ ਦਿਖਾਈ ਨਹੀਂ ਦਿੰਦਾ।

ਕਿਰਪਾ ਕਰਕੇ ਨੋਟ ਕਰੋ: Apple iPads ਉਪਰ AusAlerts **ਨਹੀਂ** ਆਉਂਦੇ ਹਨ।


### Android (ਡੀਵਾਈਸਾਂ ਜਿਵੇਂ ਕਿ ਫ਼ੋਨ, ਅਤੇ ਕੁਝ ਟੈਬਲੈੱਟ ਅਤੇ ਸਮਾਰਟ ਘੜੀਆਂ)

Android ਡਿਵਾਈਸਾਂ ਲਈ:

- ਪਾਵਰ ਮੀਨੂ ਦੇ ਦਿਖਾਈ ਦੇਣ ਤੱਕ ਆਪਣੀ ਡਿਵਾਈਸ ਦੇ ਖੱਬੇ ਜਾਂ ਸੱਜੇ ਪਾਸੇ ਪਾਵਰ ਬਟਨ ਨੂੰ ਦਬਾਅ ਕੇ ਰੱਖੋ
- 'ਪਾਵਰ ਆਫ਼/Power Off' ਬਟਨ ਦਬਾਓ।

ਆਪਣੀ ਡਿਵਾਈਸ ਨੂੰ ਦੁਬਾਰਾ ਚਾਲੂ ਕਰਨ ਲਈ, ਪਾਵਰ ਬਟਨ ਨੂੰ ਦਬਾਅ ਕੇ ਰੱਖੋ ਜਦ ਤੱਕ ਤੁਹਾਡੇ ਡਿਵਾਈਸ ਨਿਰਮਾਤਾ ਦਾ ਲੋਗੋ ਦਿਖਾਈ ਨਹੀਂ ਦਿੰਦਾ।

**ਤੁਹਾਡੀ ਦੇਖਭਾਲ ਵਿਚਲੇ ਬੱਚਿਆਂ ਦੁਆਰਾ ਵਰਤੀਆਂ ਜਾਂਦੀਆਂ ਕਿਸੇ ਵੀ ਸੁਰੱਖਿਆ ਡਿਵਾਈਸਾਂ ਨੂੰ ਵੀ ਬੰਦ ਕਰਨਾ ਯਾਦ ਰੱਖੋ।**



## ਮੈਂ ਆਪਣੀ ਡਿਵਾਈਸ ਨੂੰ ਏਅਰੋਪਲੇਨ ਮੋਡ ਵਿੱਚ ਕਿਵੇਂ ਬਦਲਾਂ?

### Apple (iOS ਡਿਵਾਈਸਾਂ ਜਿਵੇਂ ਕਿ iPhones ਅਤੇ Apple Watches)

ਏਅਰੋਪਲੇਨ ਮੋਡ ਨੂੰ ਚਾਲੂ ਕਰਨ ਲਈ:

- 'ਸੈਟਿੰਗਜ਼/Settings' 'ਤੇ ਜਾਓ
- 'ਏਅਰੋਪਲੇਨ ਮੋਡ/Aeroplane Mode' ਨੂੰ ਚਾਲੂ ਕਰੋ
- ਹਵਾਈ ਜਹਾਜ਼ ਦਾ ਇੱਕ ਆਈਕੌਨ ਸਕ੍ਰੀਨ ਦੇ ਸਿਖਰ 'ਤੇ ਦਿਖਾਈ ਦੇਣਾ ਚਾਹੀਦਾ ਹੈ।

ਏਅਰੋਪਲੇਨ ਮੋਡ ਨੂੰ ਵਾਪਸ ਬੰਦ ਕਰਨ ਲਈ:

- 'ਸੈਟਿੰਗਜ਼/Settings' 'ਤੇ ਜਾਓ
- 'ਏਅਰੋਪਲੇਨ ਮੋਡ/Aeroplane Mode' ਨੂੰ ਬੰਦ ਕਰੋ
- ਸਕਰੀਨ ਦੇ ਸਿਖਰ 'ਤੇ ਹਵਾਈ ਜਹਾਜ਼ ਦਾ ਇੱਕ ਆਈਕੌਨ ਅਲੋਪ ਹੋ ਜਾਣਾ ਚਾਹੀਦਾ ਹੈ।

ਕਿਰਪਾ ਕਰਕੇ ਨੋਟ ਕਰੋ: Apple iPads ਉਪਰ AusAlerts **ਨਹੀਂ** ਆਉਂਦੇ ਹਨ।

### Android (ਡੀਵਾਈਸਾਂ ਜਿਵੇਂ ਕਿ ਫ਼ੋਨ, ਅਤੇ ਕੁਝ ਟੈਬਲੈੱਟ ਅਤੇ ਸਮਾਰਟ ਘੜੀਆਂ)

ਏਅਰੋਪਲੇਨ ਮੋਡ ਨੂੰ ਚਾਲੂ ਕਰਨ ਲਈ:

- 'ਸੈਟਿੰਗਜ਼/Settings' 'ਤੇ ਜਾਓ
- 'ਨੈੱਟਵਰਕ ਐਂਡ ਇੰਟਰਨੈੱਟ/Network & internet' 'ਤੇ ਟੈਪ ਕਰੋ
- 'ਏਅਰੋਪਲੇਨ ਮੋਡ/Aeroplane Mode' ਨੂੰ ਚਾਲੂ ਕਰੋ
- ਹਵਾਈ ਜਹਾਜ਼ ਦਾ ਇੱਕ ਆਈਕੌਨ ਸਕ੍ਰੀਨ ਦੇ ਸਿਖਰ 'ਤੇ ਦਿਖਾਈ ਦੇਣਾ ਚਾਹੀਦਾ ਹੈ।

ਏਅਰੋਪਲੇਨ ਮੋਡ ਨੂੰ ਵਾਪਸ ਬੰਦ ਕਰਨ ਲਈ:

- 'ਸੈਟਿੰਗਜ਼/Settings' 'ਤੇ ਜਾਓ
- 'ਨੈੱਟਵਰਕ ਐਂਡ ਇੰਟਰਨੈੱਟ/Network & internet' 'ਤੇ ਟੈਪ ਕਰੋ
- 'ਏਅਰੋਪਲੇਨ ਮੋਡ/Aeroplane Mode' ਨੂੰ ਬੰਦ ਕਰੋ
- ਸਕਰੀਨ ਦੇ ਸਿਖਰ 'ਤੇ ਹਵਾਈ ਜਹਾਜ਼ ਦਾ ਇੱਕ ਆਈਕੌਨ ਅਲੋਪ ਹੋ ਜਾਣਾ ਚਾਹੀਦਾ ਹੈ।

## AusAlert ਕਿਹੋ ਜਿਹਾ ਦਿਖਾਈ ਦਿੰਦਾ ਹੈ?

ਤੁਹਾਡੀ ਡਿਵਾਈਸ ਦੀ ਕਿਸਮ ਅਤੇ ਓਪਰੇਟਿੰਗ ਸਿਸਟਮ 'ਤੇ ਨਿਰਭਰ ਕਰਦਿਆਂ, AusAlert ਸੁਨੇਹਾ ਕੁਝ ਇਸ ਤਰ੍ਹਾਂ ਦਿਖਾਈ ਦੇਵੇਗਾ:




ਸਕ੍ਰੀਨ 'ਤੇ ਦਿਖਾਏ ਗਏ AusAlert ਸੁਨੇਹੇ ਸਿਰਫ ਉਦਾਹਰਨਾਂ ਹਨ, ਨਾ ਕਿ ਅਸਲੀ AusAlerts

## ਤੁਸੀਂ AusAlert 'ਤੇ ਭਰੋਸਾ ਕਰ ਸਕਦੇ ਹੋ

AusAlert ਨੂੰ ਆਸਟ੍ਰੇਲੀਆ ਸਰਕਾਰ ਦੁਆਰਾ ਵਿਕਸਤ ਕੀਤਾ ਗਿਆ ਹੈ, ਅਤੇ ਇਹ ਸੁਰੱਖਿਅਤ ਹੈ। ਕੇਵਲ ਅਧਿਕਾਰਤ ਸੰਕਟਕਾਲੀਨ ਸੇਵਾਵਾਂ ਸੰਸਥਾਵਾਂ ਅਤੇ ਆਸਟ੍ਰੇਲੀਆ ਸਰਕਾਰ ਹੀ AusAlerts ਭੇਜ ਸਕਦੀ ਹੈ।

AusAlert **ਇਹ ਨਹੀਂ ਕਰੇਗਾ:**

- ਤੁਹਾਨੂੰ ਸਾਈਨ ਅੱਪ ਕਰਨ ਦੀ ਲੋੜ ਹੈ
- ਨਿੱਜੀ ਜਾਂ ਵਿੱਤੀ ਵੇਰਵਿਆਂ ਬਾਰੇ ਪੁੱਛਣਾ
- ਤੁਹਾਡੀ ਨਿੱਜੀ ਜਾਣਕਾਰੀ ਜਾਂ ਫ਼ੋਨ ਨੰਬਰ ਨੂੰ ਜਾਣਨਾ ਜਾਂ ਸੰਭਾਲ ਕੇ ਰੱਖਣਾ
- ਤੁਹਾਡੇ ਟਿਕਾਣੇ ਦਾ ਪਤਾ ਰੱਖਣਾ ਜਾਂ ਤੁਹਾਡੇ ਦੁਆਰਾ ਫੇਰੀ ਪਾਈਆਂ ਜਗ੍ਹਾਵਾਂ ਦਾ ਇਤਿਹਾਸ ਸਾਂਝਾ ਕਰਨਾ, ਭਾਵੇਂ ਕਿ ਤੁਹਾਡੀ ਡਿਵਾਈਸ ਕਿਸੇ ਸਾਂਝੀ ID ਨਾਲ ਜੁੜੀ ਹੋਵੇ।

## ਜੇ ਮੈਨੂੰ ਮੇਰੀ ਸੁਰੱਖਿਆ ਡਿਵਾਈਸ 'ਤੇ ਕੋਈ AusAlert ਆਉਂਦਾ ਹੈ ਤਾਂ ਕੀ ਹੋਵੇਗਾ?

ਜੇ ਤੁਹਾਡੀ ਸੁਰੱਖਿਆ ਡਿਵਾਈਸ ਚਾਲੂ ਹੈ, ਅਤੇ AusAlert ਆਉਂਦਾ ਹੈ, ਤਾਂ ਇਹ **ਲੱਗਭਗ 10 ਸਕਿੰਟਾਂ ਲਈ ਉੱਚੀ ਸਾਇਰਨ ਵਰਗੀ ਆਵਾਜ਼ ਕੱਢੇਗਾ** ਅਤੇ ਫੇਰ ਰੁਕ ਜਾਵੇਗਾ। ਇਹ ਕੇਵਲ ਇੱਕ ਵਾਰ ਹੋਣਾ ਚਾਹੀਦਾ ਹੈ, ਹਾਲਾਂਕਿ ਜੇ ਐਮਰਜੈਂਸੀ ਬਾਰੇ ਨਵੀਂ ਜਾਣਕਾਰੀ ਸਾਂਝੀ ਕੀਤੀ ਜਾਂਦੀ ਹੈ ਤਾਂ ਤੁਹਾਨੂੰ ਇੱਕ ਹੋਰ ਚਿਤਾਵਨੀ ਮਿਲ ਸਕਦੀ ਹੈ।

ਸ਼ਾਂਤ ਰਹਿਣ ਦੀ ਕੋਸ਼ਿਸ਼ ਕਰੋ। **ਜੇ ਤੁਸੀਂ ਸੁਰੱਖਿਅਤ ਨਹੀਂ ਹੋ, ਤਾਂ ਤੁਰੰਤ 000 'ਤੇ ਫ਼ੋਨ ਕਰੋ,** ਅਤੇ ਆਪਣੀ ਸੁਰੱਖਿਆ ਯੋਜਨਾ ਦੀ ਪਾਲਣਾ ਕਰੋ।

ਜੇ ਅਜਿਹਾ ਕਰਨਾ ਸੁਰੱਖਿਅਤ ਹੈ, ਤਾਂ AusAlert ਸੁਨੇਹੇ ਨੂੰ ਪੜ੍ਹੋ ਅਤੇ ਆਪਣੇ ਆਪ ਨੂੰ ਅਤੇ ਦੂਸਰਿਆਂ ਨੂੰ ਸੁਰੱਖਿਅਤ ਰੱਖਣ ਲਈ ਨਿਰਦੇਸ਼ਾਂ ਦੀ ਪਾਲਣਾ ਕਰੋ।

## ਸੂਚਿਤ ਰਹੋ

AusAlert ਕਿਸੇ ਆਫ਼ਤ ਵਿੱਚ ਸੁਰੱਖਿਅਤ ਰਹਿਣ ਦੇ ਤਰੀਕਿਆਂ ਵਿੱਚੋਂ ਸਿਰਫ਼ ਇੱਕ ਹੈ। ਤੁਸੀਂ ਸਥਾਨਕ ਜਾਂ ਰਾਸ਼ਟਰੀ ਟੀਵੀ ਜਾਂ ਰੇਡੀਓ ਨੂੰ ਵੀ ਚਾਲੂ ਕਰ ਸਕਦੇ ਹੋ, ਸੰਕਟਕਾਲੀਨ ਸੇਵਾਵਾਂ ਵਾਲੀਆਂ ਐਪਾਂ ਦੀ ਜਾਂਚ ਕਰ ਸਕਦੇ ਹੋ, ਵਧੇਰੇ ਜਾਣਕਾਰੀ ਵਾਸਤੇ ਔਨਲਾਈਨ ਖੋਜ ਕਰ ਸਕਦੇ ਹੋ, ਜਾਂ ਪਰਿਵਾਰ, ਦੋਸਤਾਂ ਜਾਂ ਗੁਆਂਢੀਆਂ ਨਾਲ ਸੰਪਰਕ ਕਰ ਸਕਦੇ ਹੋ।

### ਮਦਦ ਅਤੇ ਸਲਾਹ

**ਜੇ ਤੁਸੀਂ ਆਪਣੀ ਤੁਰੰਤ ਸੁਰੱਖਿਆ ਬਾਰੇ ਚਿੰਤਤ ਹੋ, ਤਾਂ 000 'ਤੇ ਫ਼ੋਨ ਕਰੋ।**

ਸਲਾਹ ਜਾਂ ਸਹਾਇਤਾ ਵਾਸਤੇ:

- ਆਪਣੀ ਸੁਰੱਖਿਆ ਬਾਰੇ, 1800RESPECT ਜਾਂ 1800 737 732 'ਤੇ ਫ਼ੋਨ ਕਰੋ
- ਆਪਣੇ ਸਥਾਨਕ ਖੇਤਰ ਵਿੱਚ, anrows.org.au/support-directory 'ਤੇ ANROWS ਦੀ ਵੈੱਬਸਾਈਟ ਦੇਖੋ
- ਜੇ ਤੁਸੀਂ ਆਦਿਵਾਸੀ ਜਾਂ ਟੋਰੈੱਸ ਸਟ੍ਰੇਟ ਆਈਲੈਂਡਰ ਹੋ, ਤਾਂ 13 92 76 'ਤੇ 13YARN ਤੇ ਫ਼ੋਨ ਕਰੋ।

DFV-Live

**ਵਧੇਰੇ ਜਾਣਕਾਰੀ ਵਾਸਤੇ, ausalert.gov.au 'ਤੇ ਜਾਓ**